# ਕੀ ਤੁਸੀਂ ਹਾਲ ਹੀ ਵਿੱਚ ਗੜਿਆਂ ਦੀ ਘਟਨਾ ਤੋਂ ਪ੍ਰਭਾਵਿਤ ਹੋਏ ਹੋ?

## ਮੇਰੇ ਘਰ ਜਾਂ ਕਾਰੋਬਾਰ ਨੂੰ ਗੜਿਆਂ ਜਾਂ ਹੜ੍ਹ ਨਾਲ ਨੁਕਸਾਨ ਹੋਇਆ ਹੈ, ਮੈਨੂੰ ਸਭ ਤੋਂ ਪਹਿਲਾਂ ਕੀ ਕਰਨਾ ਚਾਹੀਦਾ ਹੈ?

ਇਸ ਤੋਂ ਪਹਿਲਾਂ ਕਿ ਤੁਸੀਂ ਆਪਣੀ ਪ੍ਰਾਪਰਟੀ 'ਤੇ ਮੁਰੰਮਤ ਦਾ ਕੋਈ ਵੀ ਕੰਮ ਕਰੋ, ਸਿਟੀ ਆਫ ਕੈਲਗਰੀ ਸਿਫ਼ਾਰਸ਼ ਕਰਦੀ ਹੈ ਕਿ ਤੁਸੀਂ ਪਹਿਲਾਂ ਆਪਣੇ ਘਰ ਦੇ ਬੀਮਾ ਪ੍ਰਦਾਤਾ ਨਾਲ ਸੰਪਰਕ ਕਰੋ।

1 ਫਰਵਰੀ, 2014 ਤੋਂ ਅਲਬਰਟਾ ਵਿੱਚ ਬਣਾਏ ਜਾਣ ਦੀ ਇਜਾਜ਼ਤ ਦਿੱਤੇ ਜਾਣ ਵਾਲੇ ਸਾਰੇ ਘਰਾਂ ਲਈ ਪ੍ਰੋਵਿੰਸ਼ੀਅਲ ਨਿਊ ਹੋਮ ਵਾਰੰਟੀ ਰਜਿਸਟ੍ਰੇਸ਼ਨ ਹੋਣ ਦੀ ਲੋੜ ਹੈ। ਇਸ ਪ੍ਰੋਵਿੰਸ਼ੀਅਲ ਪ੍ਰੋਗਰਾਮ ਦੁਆਰਾ ਕਿਹੜੇ ਨੁਕਸਾਨ ਨੂੰ ਕਵਰ ਕੀਤਾ ਜਾ ਸਕਦਾ ਹੈ, ਬਾਰੇ ਹੋਰ ਜਾਣਕਾਰੀ ਲਈ, **https://www.alberta.ca/new-home-warranty-overview** 'ਤੇ ਜਾਓ।

## ਕਿਸੇ ਠੇਕੇਦਾਰ ਨੂੰ ਨਿਯੁਕਤ ਕਰਨ ਤੋਂ ਪਹਿਲਾਂ ਮੈਨੂੰ ਕੀ ਜਾਣਨ ਦੀ ਲੋੜ ਹੈ?

ਠੇਕੇਦਾਰਾਂ ਨੂੰ ਕੈਲਗਰੀ ਦਾ ਵੈਧ ਸਿਟੀ ਬਿਜ਼ਨਸ ਲਾਇਸੈਂਸ ਰੱਖਣ ਦੀ ਲੋੜ ਹੁੰਦੀ ਹੈ ਅਤੇ ਸਿਟੀ ਕੋਲ ਇਸ ਲਾਇਸੈਂਸ ਨੂੰ ਮੁਅੱਤਲ ਜਾਂ ਰੱਦ ਕਰਨ ਦਾ ਅਧਿਕਾਰ ਹੈ। ਹਾਲਾਂਕਿ ਜ਼ਿਆਦਾਤਰ ਜਾਇਜ਼ ਹਨ, ਇਸ ਤੋਂ ਪਹਿਲਾਂ ਕਿ ਤੁਸੀਂ ਕਿਸੇ ਠੇਕੇਦਾਰ ਨੂੰ ਨਿਯੁਕਤ ਕਰੋ, ਅਸੀਂ ਆਪਣੇ ਆਪ ਨੂੰ ਬੁਰੇ ਕਾਰੋਬਾਰੀ ਅਭਿਆਸਾਂ ਤੋਂ ਬਚਾਉਣ ਲਈ ਹੇਠਾਂ ਦਿੱਤੇ ਕੰਮ ਕਰਨ ਦੀ ਸਿਫ਼ਾਰਸ਼ ਕਰਦੇ ਹਾਂ:

- ਠੇਕੇਦਾਰ/ਕੰਪਨੀ ਦਾ ਕਾਰੋਬਾਰੀ (business) ਜਾਂ ਵਪਾਰਕ ਨਾਮ, ਮਾਲਕ ਦਾ ਨਾਮ ਅਤੇ ਕਾਰੋਬਾਰੀ ਪਤਾ ਅਤੇ ਫ਼ੋਨ ਨੰਬਰ ਲਿਖੋ।
- ਸਿਟੀ ਦੇ ਔਨਲਾਈਨ **ਡਾਟਾਬੇਸ ਟੂਲ** ਨੂੰ ਚੈੱਕ ਕਰਕੇ ਜਾਂ 311 'ਤੇ ਕਾਲ ਕਰਕੇ ਪੁਸ਼ਟੀ ਕਰੋ ਕਿ ਠੇਕੇਦਾਰ ਕੋਲ ਵੈਧ ਵਪਾਰਕ ਲਾਇਸੈਂਸ ਹੈ।
- ਬੈਟਰ ਬਿਜ਼ਨਸ ਬਿਊਰੋ ਨੂੰ 403-531-8784 'ਤੇ ਕਾਲ ਕਰੋ।
- ਇੰਨ੍ਹਾਂ ਨੂੰ ਸੰਪਰਕ ਕਰਕੇ ਇੱਕ ਪ੍ਰਵਾਨਿਤ ਰੂਫ ਇੰਸਪੈਕਟਰ ਲੱਭੋ:
  - **ਅਲਬਰਟਾ ਅਲਾਈਡ ਰੂਫਿੰਗ ਐਸੋਸੀਏਸ਼ਨ**
  - **ਅਲਬਰਟਾ ਰੂਫਿੰਗ ਕੰਟਰੈਕਟਰਜ਼ ਐਸੋਸੀਏਸ਼ਨ**

## ਮੈਂ ਆਪਣੇ ਘਰ ਜਾਂ ਕਾਰੋਬਾਰ ਨੂੰ ਹੋਏ ਨੁਕਸਾਨ ਦੀ ਮੁਰੰਮਤ ਕਰਨ ਲਈ ਸਿਟੀ ਨਾਲ ਕਿਵੇਂ ਕੰਮ ਕਰਾਂ?

ਅਸੀਂ ਕੈਲਗਰੀ ਵਾਸੀਆਂ ਦੀ ਮਦਦ ਕਰਨ ਲਈ ਵਚਨਬੱਧ ਹਾਂ। ਤੁਹਾਡੇ ਘਰ ਦੀ ਮੁਰੰਮਤ ਕਰਨ, ਉਸ ਨੂੰ ਬਹਾਲ ਕਰਨ ਜਾਂ ਦੁਬਾਰਾ ਬਣਾਉਣ ਦਾ ਸਮਾਂ ਤੁਹਾਡੇ ਅਤੇ ਤੁਹਾਡੇ ਠੇਕੇਦਾਰ ਦੇ ਕਾਰਜਕ੍ਰਮ ਦੇ ਆਧਾਰ 'ਤੇ ਵੱਖ-ਵੱਖ ਹੋਵੇਗਾ। ਤੁਹਾਨੂੰ ਲੋੜੀਂਦੇ ਪਰਮਿਟਾਂ ਦੀਆਂ ਕਿਸਮਾਂ 'ਤੇ ਨਿਰਭਰ ਕਰਦੇ ਹੋਏ, ਕਾਰਜ ਦੀ ਪ੍ਰਕਿਰਤੀ ਦੇ ਆਧਾਰ 'ਤੇ ਪ੍ਰਕਿਰਿਆ ਅਤੇ ਟਾਈਮਲਾਈਨ ਵੱਖਰੀ ਹੋ ਸਕਦੀ ਹੈ। ਅਸੀਂ ਸਮਝਦੇ ਹਾਂ ਕਿ ਇਹ ਇੱਕ ਔਖਾ ਸਮਾਂ ਹੈ ਅਤੇ ਅਸੀਂ ਜਿੰਨੀ ਚੰਗੀ ਤਰ੍ਹਾਂ ਹੋ ਸਕੇ ਤੁਹਾਡੀ ਮਦਦ ਕਰਨਾ ਜਾਰੀ ਰੱਖਾਂਗੇ।

## ਮੇਰੀ ਅਗਲੇ ਪ੍ਰਾਪਰਟੀ ਮੁਲਾਂਕਣ ਨਾਲ ਕੀ ਹੋਵੇਗਾ?

ਮੁਲਾਂਕਣ ਉਸ ਪ੍ਰਭਾਵ ਨੂੰ ਪਛਾਣਦਾ ਹੈ ਜੋ ਗੜਿਆਂ ਅਤੇ ਹੜ੍ਹਾਂ ਕਾਰਨ ਸਾਡੇ ਸ਼ਹਿਰ ਦੀਆਂ ਪ੍ਰਾਪਰਟੀਆਂ ਅਤੇ ਕਾਰੋਬਾਰਾਂ ਨੂੰ ਹੋਇਆ ਹੈ। ਅਸੀਂ ਪ੍ਰਾਪਰਟੀ ਅਤੇ ਕਾਰੋਬਾਰ ਦੇ ਮਾਲਕਾਂ ਨੂੰ ਹੋਏ ਨੁਕਸਾਨ ਦੇ ਪ੍ਰਭਾਵ ਦੀ ਪਛਾਣ ਕਰਾਂਗੇ ਅਤੇ ਇਹ ਯਕੀਨੀ ਬਣਾਵਾਂਗੇ ਕਿ ਸਾਡੇ ਮੁਲਾਂਕਣ ਮੁੱਲ ਸਾਰੇ ਕੈਲਗਰੀ ਟੈਕਸਦਾਤਾਵਾਂ ਲਈ ਨਿਰਪੱਖ ਅਤੇ ਬਰਾਬਰ ਹਨ।

## ਜੇਕਰ ਮੇਰੇ ਕੋਈ ਸਵਾਲ ਹਨ ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ?

ਜੇਕਰ ਤੁਹਾਡੇ ਕੋਲ ਵਿਕਾਸ ਐਪਲੀਕੇਸ਼ਨਾਂ, ਪਰਮਿਟਾਂ ਜਾਂ ਨਿਰੀਖਣਾਂ ਬਾਰੇ ਕੋਈ ਸਵਾਲ ਹਨ, ਤਾਂ ਸਾਡੇ ਪਲੈਨਿੰਗ ਸਰਵਿਸਿਜ਼ ਸੈਂਟਰ ਨੂੰ (403) 268-5311 'ਤੇ ਜਾਂ ਲਾਈਵ ਚੈਟ ਰਾਹੀਂ **Calgary.ca/livechat** 'ਤੇ ਕਾਲ ਕਰੋ। ਤੁਸੀਂ 800 Macleod Trail SE 'ਤੇ ਸਥਿਤ ਮਿਉਂਸਪਲ ਬਿਲਡਿੰਗ ਦੀ 3ਜੀ ਮੰਜ਼ਿਲ 'ਤੇ ਪਲੈਨਿੰਗ ਸਰਵਿਸਿਜ਼ ਸੈਂਟਰ ਵਿਖੇ ਵੀ ਜਾ ਸਕਦੇ ਹੋ।

24-0041270-CRV-31799

## ਤੂਫਾਨ ਕਰਕੇ ਹੋਏ ਨੁਕਸਾਨ ਨੂੰ ਠੀਕ ਕਰਨ ਲਈ ਲੋੜੀਂਦੇ ਕੰਮ ਦੀਆਂ ਕਿਸਮਾਂ

### ਮੁਰੰਮਤ ਕਰਨਾ ਜਾਂ ਬਦਲਣਾ

**ਤੁਸੀਂ ਇੰਨ੍ਹਾਂ ਦੀ ਮੁਰੰਮਤ ਕਰਨ ਜਾਂ ਇੰਨ੍ਹਾਂ ਨੂੰ ਬਦਲਣ ਬਾਰੇ ਵਿਚਾਰ ਕਰ ਰਹੇ ਹੋ:**

- ਰੂਫਿੰਗ ਸਮੱਗਰੀ।
- ਈਵਜ਼ਟਰੋਂਫਸ ਅਤੇ ਡਾਉਨਸਪਾਉਟਸ।
- ਸਾਈਡਿੰਗ ਜਾਂ ਟ੍ਰਿਮ।
- ਦਰਵਾਜ਼ੇ, ਖਿੜਕੀਆਂ ਜਾਂ ਸਕਾਈਲਾਈਟਾਂ।
- ਬਾਹਰੀ ਲਾਈਟਾਂ।
- ਪਾਣੀ ਕਰਕੇ ਹੋਣ ਵਾਲੇ ਨੁਕਸਾਨ ਦੇ ਕਾਰਨ ਫਰਨੈਸ, ਗਰਮ ਪਾਣੀ ਦੀ ਟੈਂਕੀ ਜਾਂ ਬਿਜਲੀ ਦਾ ਪੈਨਲ, ਪਰ ਤੁਹਾਡੇ ਘਰ ਜਾਂ ਬੇਸਮੈਂਟ ਦੇ ਲੇਆਉਟ ਨੂੰ ਨਹੀਂ ਬਦਲਣਾ।
- ਇੱਕ ਮੌਜੂਦਾ ਡੈੱਕ, ਫੈਂਸ ਜਾਂ ਗੈਰੇਜ।

### ਮੁੜ ਨਿਰਮਾਣ ਜਾਂ ਬਹਾਲ ਕਰਨਾ

**ਤੁਸੀਂ ਵਿਚਾਰ ਕਰ ਰਹੇ ਹੋ:**

- **ਆਪਣੇ ਘਰ ਨੂੰ ਦੁਬਾਰਾ ਬਣਾਉਣ 'ਤੇ**
- ਤੁਹਾਡੇ ਘਰ ਨੂੰ ਬਹਾਲ ਕਰਨ 'ਤੇ, ਪਰ ਤੁਹਾਡੇ ਘਰ ਨੂੰ ਢਾਂਚਾਗਤ ਨੁਕਸਾਨ ਹੋਇਆ ਹੈ।
- ਆਪਣੇ ਘਰ ਜਾਂ ਬੇਸਮੈਂਟ ਦੇ ਫਲੋਰ ਪਲਾਨ ਨੂੰ ਬਦਲਣ 'ਤੇ।

### ਢਾਹੁਣਾ

**ਤੁਸੀਂ ਵਿਚਾਰ ਕਰ ਰਹੇ ਹੋ:**

- ਆਪਣੇ ਘਰ ਨੂੰ ਢਾਹੁਣ 'ਤੇ।

## ਨੁਕਸਾਨ ਨੂੰ ਠੀਕ ਕਰਨ ਲਈ ਮੈਨੂੰ ਕਿਹੜੇ ਪਰਮਿਟਾਂ ਦੀ ਲੋੜ ਹੈ?

ਕਦੋਂ ਸਿਟੀ ਪਰਮਿਟ ਦੀ ਲੋੜ ਹੁੰਦੀ ਹੈ ਅਤੇ ਕਦੋਂ ਇੱਕ ਲਾਇਸੰਸਸ਼ੁਦਾ ਠੇਕੇਦਾਰ ਨੂੰ ਕੰਮ ਪੂਰਾ ਕਰਨ ਦੀ ਲੋੜ ਹੁੰਦੀ ਹੈ ਲਈ ਹੇਠਾਂ ਦਿੱਤਾ ਚਾਰਟ ਦੇਖੋ। ਮੁਰੰਮਤ ਜਾਂ ਬਦਲਣ ਦੇ ਜ਼ਿਆਦਾਤਰ ਕੰਮ ਲਈ ਤੁਹਾਨੂੰ ਡੇਵੇਲਪਮੈਂਟ ਜਾਂ ਬਿਲਡਿੰਗ ਪਰਮਿਟ ਦੀ ਲੋੜ ਨਹੀਂ ਪਵੇਗੀ।

ਤੁਹਾਡੇ ਘਰ 'ਤੇ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਅਸੀਂ ਆਪਣੀ ਯੋਜਨਾ ਬਾਰੇ ਚਰਚਾ ਕਰਨ ਲਈ ਪਲੈਨਿੰਗ ਸਰਵਿਸਿਜ਼ ਸੈਂਟਰ ਨਾਲ ਸੰਪਰਕ ਕਰਨ ਦੀ ਸਿਫ਼ਾਰਿਸ਼ ਕਰਦੇ ਹਾਂ।

### ਪਰਮਿਟ ਦੀ ਲੋੜ ਨਹੀਂ ਹੈ

ਜੇਕਰ ਤੁਸੀਂ ਲਾਈਕ-ਫੋਰ-ਲਾਈਕ ਨੂੰ ਬਦਲ ਰਹੇ ਹੋ, ਤਾਂ ਹੇਠਾਂ ਦਿੱਤੇ ਕੰਮ ਲਈ ਸਿਟੀ ਪਰਮਿਟ ਦੀ ਲੋੜ ਨਹੀਂ ਹੈ:

- ਰੂਫਿੰਗ ਸਮੱਗਰੀ।
- ਈਵਜ਼ਟਰੋਂਫਸ ਜਾਂ ਡਾਉਨਸਪਾਉਟਸ।
- ਉਸੇ ਸਮੱਗਰੀ ਨਾਲ ਸਾਈਡਿੰਗ ਅਤੇ ਟ੍ਰਿਮ।
- ਉਸੇ ਸਾਈਜ਼ ਦਾ ਦਰਵਾਜ਼ਾ, ਖਿੜਕੀ ਜਾਂ ਸਕਾਈਲਾਈਟ।
- ਬਾਹਰੀ ਲਾਈਟਾਂ।
- ਗ੍ਰੇਡ ਤੋਂ ਉਪਰ 0.6 ਮੀਟਰ ਤੋਂ ਘੱਟ ਦਾ ਢਕਿਆ ਨਾ ਹੋਇਆ ਡੈੱਕ।

### ਮੁਰੰਮਤ ਕਰਨਾ ਜਾਂ ਬਦਲਣਾ

**ਤੁਹਾਡੇ ਘਰ ਦੇ ਅੰਦਰ**
ਹੇਠਲੇ ਕੰਮ ਲਈ ਲਾਇਸੰਸਸ਼ੁਦਾ ਠੇਕੇਦਾਰ ਅਤੇ ਸਿਟੀ ਪਰਮਿਟ ਦੀ ਲੋੜ ਹੁੰਦੀ ਹੈ।

| ਬਦਲੀ ਜਾਂ ਮੁਰੰਮਤ ਦਾ ਕੰਮ | ਪਰਮਿਟ ਦੀ ਕਿਸਮ |
|---|---|
| ਗਰਮ ਪਾਣੀ ਦੀ ਟੈਂਕੀ ਬਦਲਣਾ (ਅੱਪਗ੍ਰੇਡ ਜਾਂ ਕੋਈ ਵੀ ਵੈਂਟਿੰਗ ਤਬਦੀਲੀ) | ਗੈਸ ਪਰਮਿਟ |
| ਪੁਰਾਣੇ ਮਾਡਲ ਦੀ ਫਰਨੈਸ ਨੂੰ ਬਦਲਣਾ (ਅੱਪਗ੍ਰੇਡ ਜਾਂ ਕੋਈ ਵੈਂਟਿੰਗ ਤਬਦੀਲੀ) | ਗੈਸ ਪਰਮਿਟ |
| ਇਲੈਕਟ੍ਰੀਕਲ ਪੈਨਲ ਦੀ ਤਬਦੀਲੀ | ਇਲੈਕਟ੍ਰੀਕਲ ਪਰਮਿਟ |

**ਤੁਹਾਡੇ ਘਰ ਦੇ ਬਾਹਰ**
ਹੇਠਲੇ ਕੰਮ ਲਈ ਲਾਇਸੰਸਸ਼ੁਦਾ ਠੇਕੇਦਾਰ ਅਤੇ ਸਿਟੀ ਪਰਮਿਟ ਦੀ ਲੋੜ ਹੁੰਦੀ ਹੈ।

| ਬਦਲੀ ਜਾਂ ਮੁਰੰਮਤ ਦਾ ਕੰਮ | ਪਰਮਿਟ ਦੀ ਕਿਸਮ |
|---|---|
| ਸ਼ਿੰਗਲਜ਼ ਤੋਂ ਕਲੇ ਰੂਫਿੰਗ ਵਾਲੀ ਸਮੱਗਰੀ ਵਿੱਚ ਬਦਲਣਾ | ਬਿਲਡਿੰਗ ਪਰਮਿਟ |
| ਇੱਕ ਵੱਡਾ ਜਾਂ ਛੋਟਾ ਦਰਵਾਜ਼ਾ, ਖਿੜਕੀ ਜਾਂ ਸਕਾਈਲਾਈਟ | ਡੇਵੇਲਪਮੈਂਟ* ਅਤੇ ਬਿਲਡਿੰਗ ਪਰਮਿਟ |
| ਸਾਈਡਿੰਗ ਨੂੰ ਇੱਕ ਵੱਖਰੀ ਸਾਈਡਿੰਗ ਸਮੱਗਰੀ ਨਾਲ ਬਦਲਣਾ | ਬਿਲਡਿੰਗ ਪਰਮਿਟ |
| ਇੱਕ ਢਕੇ ਨਾ ਹੋਏ ਡੈੱਕ ਵਿੱਚ ਤਬਦੀਲੀਆਂ ਜਾਂ ਉਸਦਾ ਮੁੜ ਨਿਰਮਾਣ | ਬਿਲਡਿੰਗ ਪਰਮਿਟ |
| ਡਿਟੈਚਡ ਗੈਰੇਜ, ਕਾਰਪੋਰਟ ਜਾਂ ਸ਼ੈੱਡ (10 ਵਰਗ ਮੀਟਰ ਤੋਂ ਵੱਧ) | ਬਿਲਡਿੰਗ ਪਰਮਿਟ |
| ਸਾਹਮਣੇ ਦੇ ਯਾਰਡ ਵਿੱਚ 1.2 ਮੀਟਰ ਤੋਂ ਵੱਧ ਉੱਚੀ ਫੈਂਸ | ਡੇਵੇਲਪਮੈਂਟ ਪਰਮਿਟ* |
| ਪਿਛਲੇ ਯਾਰਡ ਵਿੱਚ 2 ਮੀਟਰ ਤੋਂ ਵੱਧ ਉੱਚੀ ਫੈਂਸ | ਡੇਵੇਲਪਮੈਂਟ ਪਰਮਿਟ* |

ਜੇਕਰ ਤੁਸੀਂ ਆਪਣੇ ਘਰ ਵਿੱਚ ਕਿਸੇ ਵੀ ਨਵੀਂ ਉਸਾਰੀ ਜਾਂ ਵਾਧੇ ਬਾਰੇ ਵਿਚਾਰ ਕਰ ਰਹੇ ਹੋ, ਤਾਂ ਤੁਹਾਨੂੰ ਲੋੜੀਂਦੇ ਪਰਮਿਟਾਂ ਬਾਰੇ ਹੋਰ ਜਾਣਨ ਲਈ ਕਿਰਪਾ ਕਰਕੇ calgary.ca/myhome 'ਤੇ ਜਾਓ।

* ਜੇਕਰ ਤੁਹਾਡੇ ਪ੍ਰੋਜੈਕਟ ਲਈ ਡੇਵੇਲਪਮੈਂਟ ਪਰਮਿਟ ਦੀ ਲੋੜ ਹੈ, ਤਾਂ ਕਿਰਪਾ ਕਰਕੇ ਪ੍ਰੀ-ਐਪਲੀਕੇਸ਼ਨ ਮੀਟਿੰਗ ਬੁੱਕ ਕਰਨ ਲਈ ਪਲੈਨਿੰਗ ਸਰਵਿਸਿਜ਼ ਸੈਂਟਰ ਨਾਲ ਸੰਪਰਕ ਕਰੋ।

## ਮੁੜ ਨਿਰਮਾਣ ਜਾਂ ਬਹਾਲ ਕਰਨਾ

**ਦੁਬਾਰਾ ਬਣਾਉਣਾ**

ਅਸੀਂ ਤੁਹਾਨੂੰ ਡੇਵੇਲਪਮੈਂਟ ਅਤੇ ਬਿਲਡਿੰਗ ਪਰਮਿਟਿੰਗ ਪ੍ਰਕਿਰਿਆ ਬਾਰੇ ਹੋਰ ਜਾਣਨ ਲਈ, ਅਤੇ ਇੱਕ ਪ੍ਰੀ-ਐਪਲੀਕੇਸ਼ਨ ਮੀਟਿੰਗ ਤੈਅ ਕਰਨ ਲਈ ਸਾਡੇ ਪਲੈਨਿੰਗ ਸਰਵਿਸਿਜ਼ ਸੈਂਟਰ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

**ਬਹਾਲ ਕਰੋ**

ਜੇਕਰ ਤੁਹਾਡੇ ਘਰ ਨੂੰ ਢਾਂਚਾਗਤ ਨੁਕਸਾਨ ਹੈ, ਤਾਂ ਤੁਹਾਨੂੰ ਕਿਸੇ ਸਟ੍ਰਕਚਰਲ ਇੰਜੀਨੀਅਰ ਨੂੰ ਨਿਯੁਕਤ ਕਰਨਾ ਚਾਹੀਦਾ ਹੈ।

**ਘਰ ਜਾਂ ਬੇਸਮੈਂਟ ਫਲੋਰ ਪਲਾਨ ਬਦਲਣਾ**

ਜੇਕਰ ਤੁਹਾਡੇ ਘਰ ਨੂੰ ਕੋਈ ਢਾਂਚਾਗਤ ਨੁਕਸਾਨ ਨਹੀਂ ਹੈ, ਪਰ ਤੁਸੀਂ ਹੁਣ ਆਪਣੇ ਘਰ ਜਾਂ ਬੇਸਮੈਂਟ ਦੀ ਮੌਜੂਦਾ ਫਲੋਰ ਪਲਾਨ ਨੂੰ ਬਦਲਣਾ ਚਾਹੁੰਦੇ ਹੋ ਤਾਂ ਬਿਲਡਿੰਗ ਪਰਮਿਟ ਦੀ ਲੋੜ ਹੈ। ਕੰਮ ਦੇ ਦਾਇਰੇ 'ਤੇ ਨਿਰਭਰ ਕਰਦਿਆਂ, ਵਾਧੂ ਪਰਮਿਟਾਂ ਦੀ ਲੋੜ ਹੋ ਸਕਦੀ ਹੈ।

**ਬਿਲਡਿੰਗ ਪਰਮਿਟ**

ਬਿਲਡਿੰਗ ਪਰਮਿਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਇੱਕ ਸਟ੍ਰਕਚਰਲ ਇੰਜੀਨੀਅਰ ਦੀ ਸਮੀਖਿਆ ਦੀ ਵੀ ਲੋੜ ਹੋ ਸਕਦੀ ਹੈ।
ਤੁਸੀਂ ਆਪਣੇ ਪ੍ਰੋਜੈਕਟ ਲਈ ਢੁਕਵੇਂ ਬਿਲਡਿੰਗ ਪਰਮਿਟ ਲਈ **calgary.ca/myhome** 'ਤੇ ਆਨਲਾਈਨ ਅਪਲਾਈ ਕਰ ਸਕਦੇ ਹੋ।

## ਢਾਹੁਣਾ

ਜੇ ਤੁਸੀਂ ਅੰਦਰੂਨੀ ਕੰਧਾਂ ਨੂੰ ਢਾਹ ਰਹੇ ਹੋ ਤਾਂ ਤੁਹਾਨੂੰ ਰਿਹਾਇਸ਼ੀ ਸੁਧਾਰ (Residential Improvement) ਪਰਮਿਟ ਲੈਣ ਦੀ ਲੋੜ ਹੋਵੇਗੀ, ਨਾ ਕਿ ਢਾਹੁਣ ਦਾ ਪਰਮਿਟ।

ਜੇਕਰ ਤੁਸੀਂ ਇੱਕ ਸਟ੍ਰਕਚਰਲ ਇੰਜੀਨੀਅਰ ਨੂੰ ਨਿਯੁਕਤ ਕੀਤਾ ਹੈ ਅਤੇ ਉਹਨਾਂ ਨੇ ਨਿਰਧਾਰਤ ਕੀਤਾ ਹੈ ਕਿ ਤੁਹਾਡੇ ਘਰ ਦੇ ਇੱਕ ਵੱਡੇ ਹਿੱਸੇ ਜਾਂ ਪੂਰੇ ਢਾਂਚੇ ਨੂੰ ਢਾਹੁਣ ਦੀ ਲੋੜ ਹੈ, ਤਾਂ ਤੁਹਾਨੂੰ ਢਾਹੁਣ ਦੇ ਪਰਮਿਟ ਦੀ ਲੋੜ ਹੋਵੇਗੀ। ਵਧੇਰੇ ਜਾਣਕਾਰੀ ਲਈ, ਸਾਡੀ ਪੂਰੀ ਅਰਜ਼ੀ ਦੀ ਲੋੜ (Complete Application Requirement) **ਇਮਾਰਤ ਨੂੰ ਢਾਹੁਣ ਜਾਂ ਤਬਦੀਲ ਕਰਨ ਲਈ ਸੂਚੀ(PDF)** ਦੇਖੋ।

ਤੁਹਾਨੂੰ ਢਾਹੁਣ ਦਾ ਪਰਮਿਟ ਜਾਰੀ ਹੋ ਜਾਣ ਤੋਂ ਬਾਅਦ, ਯਕੀਨੀ ਬਣਾਓ ਕਿ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਪਾਵਰ (ENMAX), ਗੈਸ (ATCO) ਅਤੇ ਪਾਣੀ (ਸਿਟੀ ਆਫ਼ ਕੈਲਗਰੀ) ਡਿਸਕਨੈਕਟ ਕੀਤੇ ਗਏ ਹਨ।

ਇਹ ਯਕੀਨੀ ਬਣਾਓ ਕਿ ਢਾਹੁਣ ਦਾ ਕੰਮ ਪੂਰਾ ਹੋਣ ਤੋਂ ਬਾਅਦ ਤੁਹਾਡਾ ਠੇਕੇਦਾਰ ਸਿਟੀ ਆਫ਼ ਕੈਲਗਰੀ ਨਾਲ ਇੱਕ ਨਿਰੀਖਣ ਬੁੱਕ ਕਰਦਾ ਹੈ।